# ਔਨਲਾਈਨ WACE ਭਾਸ਼ਾ ਦੀਆਂ ਅਰਜ਼ੀਆਂ ਵਾਸਤੇ ਵਿਦਿਆਰਥੀ ਜਾਂਚ-ਸੂਚੀ

ਇਹ ਯਕੀਨੀ ਬਨਾਉਣ ਲਈ ਇਸ ਜਾਂਚ-ਸੂਚੀ ਦੀ ਵਰਤੋਂ ਕਰੋ, ਕਿ ਆਪਣੀ ਅਰਜ਼ੀ ਸ਼ੁਰੂ ਕਰਨ ਤੋਂ ਪਹਿਲਾਂ ਤੁਹਾਡੇ ਕੋਲ ਉਹ ਸਭ ਕੁਝ ਹੈ ਜਿਸ ਦੀ ਤੁਹਾਨੂੰ ਲੋੜ ਹੈ। ਆਪਣੀ ਔਨਲਾਈਨ ਅਰਜ਼ੀ ਨੂੰ ਪੂਰਾ ਕਰਨ ਲਈ, ਤੁਹਾਨੂੰ ਘਰ ਵਿੱਚ ਜਾਂ ਸਕੂਲ ਵਿੱਚ ਕੰਪਿਊਟਰ ਦੀ ਵਰਤੋਂ ਕਰਨ ਦੀ ਲੋੜ ਪਵੇਗੀ। ਜੇ ਤੁਹਾਡੇ ਕੋਈ ਸਵਾਲ ਹਨ, ਤਾਂ ਆਪਣੇ ਮਾਪੇ/ਮਾਪਿਆਂ ਜਾਂ ਸਰਪ੍ਰਸਤ/ਤਾਂ ਜਾਂ ਆਪਣੀ ਭਾਸ਼ਾ ਦੇ ਅਧਿਆਪਕ ਨੂੰ ਤੁਹਾਡੀ ਮਦਦ ਕਰਨ ਲਈ ਪੁੱਛੋ।

## 1 ਵਿਦਿਆਰਥੀ ਪੋਰਟਲ ਵਿੱਚ ਲੌਗ ਇਨ ਕਰਨਾ

ਵਿਦਿਆਰਥੀ ਪੋਰਟਲ ਉੱਤੇ ਲੌਗ ਇਨ ਕਰਨ ਲਈ, ਤੁਹਾਨੂੰ ਆਪਣੇ **WA ਵਿਦਿਆਰਥੀ ਨੰਬਰ** ਦੀ ਲੋੜ ਪਵੇਗੀ, ਜੋ ਤੁਸੀਂ ਆਪਣੀ ਸਕੂਲ ਰਿਪੋਰਟ/ਟਾਂ ਉਪਰ ਲੱਭ ਸਕੋਗੇ। ਇਹ ਤੁਹਾਡੇ ਸਮਾਰਟ ਰਾਈਡਰ ਉਪਰ ਵੀ ਹੋ ਸਕਦਾ ਹੈ। ਤੁਹਾਨੂੰ **ਨਿੱਜੀ ਈਮੇਲ ਪਤੇ** ਦੀ ਲੋੜ ਪਵੇਗੀ ਅਤੇ ਜਦੋਂ ਤੁਸੀਂ ਆਪਣੀ ਔਨਲਾਈਨ ਅਰਜ਼ੀ ਪੂਰੀ ਕਰਦੇ ਹੋ ਤਾਂ ਤੁਹਾਨੂੰ ਲਾਜ਼ਮੀ ਤੌਰ ਤੇ ਆਪਣੇ ਨਿੱਜੀ ਈਮੇਲ ਖਾਤੇ ਤੱਕ ਪਹੁੰਚ ਕਰਨ ਦੇ ਯੋਗ ਹੋਣਾ ਚਾਹੀਦਾ ਹੈ।

## 2 ਵਿਦਿਅਕ ਜਾਣਕਾਰੀ

ਇਹ ਯਕੀਨੀ ਬਣਾਓ ਕਿ ਤੁਹਾਡੇ ਕੋਲ ਹਨ:

- ❑ ਪ੍ਰੀ-ਪ੍ਰਾਇਮਰੀ ਤੋਂ ਹਰ ਸਕੂਲੀ ਸਾਲ ਵਾਸਤੇ ਤੁਹਾਡੇ ਦੁਆਰਾ ਹਾਜ਼ਰੀ ਭਰੇ ਸਕੂਲਾਂ ਦੇ ਵੇਰਵੇ:
  - ਸਕੂਲ ਦਾ ਨਾਮ
  - ਸਕੂਲ ਵਿਖੇ ਹਿਦਾਇਤਾਂ ਦੇਣ ਲਈ ਵਰਤੀ ਜਾਣ ਵਾਲੀ ਮੁੱਖ ਭਾਸ਼ਾ
  - ਪੜ੍ਹੀ ਹੋਈ ਭਾਸ਼ਾ/ਵਾਂ
  - ਪ੍ਰਤੀ ਹਫਤਾ ਭਾਸ਼ਾ ਦੀ ਪੜ੍ਹਾਈ ਦੇ ਘੰਟੇ
- ❑ ਉਹਨਾਂ ਸਾਲਾਂ ਦੀਆਂ ਸਕੂਲ ਰਿਪੋਰਟ/ਟਾਂ ਜਿੱਥੇ ਤੁਸੀਂ ਵਿਦੇਸ਼ ਵਿੱਚ ਸਕੂਲ ਦੀ ਪੜ੍ਹਾਈ ਕੀਤੀ ਸੀ

## 3 ਰਿਹਾਇਸ਼ੀ ਜਾਣਕਾਰੀ

ਤੁਹਾਨੂੰ ਹੇਠ ਲਿਖੇ ਵੇਰਵੇ ਪ੍ਰਦਾਨ ਕਰਨ ਦੀ ਲੋੜ ਪਵੇਗੀ:

- ❑ ਉਹ ਦੇਸ਼ ਜਿੰਨ੍ਹਾਂ ਵਿੱਚ ਤੁਸੀਂ ਰਹਿੰਦੇ ਰਹੇ ਹੋ
- ❑ ਉਹ ਦੇਸ਼ ਜਿੰਨ੍ਹਾਂ ਦਾ ਤੁਸੀਂ ਦੌਰਾ ਕੀਤਾ ਹੈ
- ❑ ਦੇਸ਼ ਵਿੱਚ ਫੇਰੀ/ਆਂ ਪਾਉਣ ਦੇ ਕਾਰਨ
- ❑ ਦੇਸ਼ ਵਿੱਚ ਫੇਰੀ/ਆਂ ਦੀ ਲੰਬਾਈ

## 4 ਭਾਸ਼ਾਈ ਪਿਛੋਕੜ

ਤੁਹਾਨੂੰ ਹੇਠ ਲਿਖੇ ਵੇਰਵੇ ਪ੍ਰਦਾਨ ਕਰਨ ਦੀ ਲੋੜ ਪਵੇਗੀ:

- ❑ ਪਹਿਲੀ ਭਾਸ਼ਾ/ਜਿਸ ਨੂੰ ਤੁਸੀਂ ਬੋਲਣਾ ਸਿੱਖਿਆ ਸੀ
- ❑ ਹੋਰ ਭਾਸ਼ਾ/ਵਾਂ ਜਿਸ ਨੂੰ ਤੁਸੀਂ ਬੋਲ, ਪੜ੍ਹ ਅਤੇ ਲਿਖ ਸਕਦੇ ਹੋ
- ❑ ਉਹ ਭਾਸ਼ਾ/ਵਾਂ ਜਿਸ ਰਾਹੀਂ ਤੁਸੀਂ ਆਪਣੇ ਮਾਪੇ/ਮਾਪਿਆਂ ਜਾਂ ਸਰਪ੍ਰਸਤ/ਤਾਂ ਨਾਲ ਅਤੇ ਆਪਣੇ ਭੈਣ-ਭਰਾਵਾਂ ਤੇ ਦੋਸਤਾਂ ਨਾਲ ਗੱਲ ਕਰਦੇ ਹੋ

## 5 ਸਹਿਯੋਗੀ ਦਸਤਾਵੇਜ਼

ਤੁਹਾਨੂੰ ਹੇਠ ਲਿਖੇ ਦਸਤਾਵੇਜ਼ਾਂ ਦੀ ਫੋਟੋ ਖਿੱਚਣ ਜਾਂ ਸਕੈਨ ਕਰਨ ਦੀ ਲੋੜ ਪਵੇਗੀ:

- ❑ ਮਾਪਿਆਂ/ਸਰਪ੍ਰਸਤਾਂ ਦਾ ਪ੍ਰਵਾਨਗੀ ਫਾਰਮ (ਲਾਜ਼ਮੀ)
- ❑ ਪਾਸਪੋਰਟ ਦਾ ਪਛਾਣ ਵਾਲਾ ਸਫਾ, ਜੇ ਲਾਗੂ ਹੁੰਦਾ ਹੋਵੇ
- ❑ ਅੰਤਰਰਾਸ਼ਟਰੀ ਆਉਣ-ਜਾਣ ਦਾ/ਦੇ ਰਿਕਾਰਡ, ਜੇ ਲਾਗੂ ਹੁੰਦਾ ਹੋਵੇ
- ❑ ਵਿਦੇਸ਼ੀ ਸਕੂਲ ਰਿਪੋਰਟ/ਟਾਂ, ਜੇ ਲਾਗੂ ਹੁੰਦੀ ਹੋਵੇ

ਸਹਾਇਕ ਦਸਤਾਵੇਜ਼ਾਂ ਨੂੰ ਆਪਣੇ ਕੰਪਿਊਟਰ ਜਾਂ ਮੋਬਾਈਲ ਡਿਵਾਈਸ ਉਪਰ **.pdf**, **.jpg**, **.jpeg** ਜਾਂ **.png** ਫਾਈਲਾਂ ਵਜੋਂ ਸੇਵ ਕਰੋ, **ਜਿਸ ਦਾ ਹਰੇਕ ਫਾਈਲ ਵਾਸਤੇ ਵੱਧ ਤੋਂ ਵੱਧ ਆਕਾਰ 4MB ਹੈ।** ਤੁਸੀਂ **Word** ਦਸਤਾਵੇਜ਼ ਅੱਪਲੋਡ ਨਹੀਂ ਕਰ ਸਕੋਗੇ।